Powered By

Funded By

Department for Transport

Making cycling e-asier
National e-cycle scheme

# ਰਾਸ਼ਟਰੀ ਈ-ਸਾਇਕਲ ਸਕੀਮ - ਈ-ਸਾਇਕਲ ਕਰਜ਼ ਲਈ ਨਿਯਮ ਅਤੇ ਸ਼ਰਤਾਂ

19 ਮਈ 2023
ਲਾਈਵ

## 1. ਜਾਣ-ਪਛਾਣ

1.1. ਇਹ ਨਿਯਮ ਅਤੇ ਸ਼ਰਤਾਂ ਰਾਸ਼ਟਰੀ ਈ-ਸਾਇਕਲ ਸਕੀਮ ("ਸਕੀਮ") ਦੇ ਅਧੀਨ ਕਿਸੇ ਵੀ ਸਹਾਇਕ ਉਪਕਰਣ ਅਤੇ ਅਟੈਚਮੈਂਟਾਂ ਦੇ ਨਾਲ ਪੂਰਤੀ ਕੀਤੇ ਗਏ ਇੱਕ ਇਲੈਕਟ੍ਰਿਕ ਸਾਇਕਲ ("ਈ-ਸਾਇਕਲ") ਲਈ ਤੁਹਾਡੇ ਦੁਆਰਾ ਸਾਡੇ ਤੋਂ ਲਏ ਗਏ ਕਰਜ਼ੇ 'ਤੇ ਲਾਗੂ ਹੁੰਦੀਆਂ ਹਨ।

1.2. ਤੁਸੀਂ ਕਰਜ਼ ਲੈਣਾ ਚਾਹੋਗੇ ਅਤੇ ਜਿਵੇਂ ਕਿ ਤੁਹਾਡੀ ਬੁਕਿੰਗ ਪੁਸ਼ਟੀ ਵਿਚ ਦੱਸਿਆ ਗਿਆ ਹੈ, ਅਸੀਂ ਤੁਹਾਨੂੰ ਈ-ਸਾਇਕਲ ਕਰਜ਼ ਦੇਣ ਲਈ ਸਹਿਮਤ ਹੋ ਗਏ ਹਾਂ।

1.3. ਈ-ਸਾਇਕਲ ਅਤੇ ਕੋਈ ਵੀ ਪੂਰਤੀ ਕੀਤੇ ਸਮਾਨ (ਲਾਈਟਾਂ, ਤਾਲੇ, ਹੈਲਮੇਟ, ਚਾਰਜਰ ਸਮੇਤ) ਲਈ ਦਿੱਤਾ ਗਿਆ ਕਰਜ਼ਾ 1 ਮਹੀਨੇ ਤੋਂ ਵੱਧ ਸਮੇਂ ਤੱਕ ਨਹੀਂ ਚੱਲੇਗਾ ਅਤੇ ਇਹ ਤੁਹਾਨੂੰ ਮੁਫਤ ਦਿੱਤਾ ਜਾਵੇਗਾ।

1.4. ਈ-ਸਾਇਕਲ ਨੂੰ ਕਰਜ਼ ਤੇ ਲੈ ਕੇ ਅਤੇ ਸਾਡੇ ਬੁਕਿੰਗ ਪ੍ਰਬੰਧਨ ਸਿਸਟਮ 'ਤੇ ਸੰਬੰਧਿਤ ਬਾਕਸ 'ਤੇ ਨਿਸ਼ਾਨ ਲਗਾ ਕੇ ਤੁਸੀਂ ਇਹਨਾਂ ਨਿਯਮਾਂ ਅਤੇ ਸ਼ਰਤਾਂ ("ਸ਼ਰਤਾਂ") ਦੀ ਪਾਲਣਾ ਕਰਨ ਅਤੇ ਉਨ੍ਹਾਂ ਨਾਲ ਬਾਧਿਤ ਕੀਤੇ ਜਾਣ ਲਈ ਸਹਿਮਤ ਹੁੰਦੇ ਹੋ।

1.5. ਵੱਖਰੇ ਨਿਯਮ ਅਤੇ ਸ਼ਰਤਾਂ, ਜੋ ਅਸੀਂ ਤੁਹਾਨੂੰ ਵੱਖਰੇ ਤੌਰ 'ਤੇ ਉਪਲਬਧ ਕਰਾਵਾਂਗੇ, ਕਿਸੇ ਇਵੈਂਟ ਵਿਚ ਤੁਹਾਡੀ ਹਾਜ਼ਰੀ 'ਤੇ ਲਾਗੂ ਹੋ ਸਕਦੀਆਂ ਹਨ।

1.6. ਕਿਰਪਾ ਕਰਕੇ ਧਿਆਨ ਦਿਓ ਕਿ ਜੇਕਰ ਤੁਸੀਂ ਇਹਨਾਂ ਵਿਚੋਂ ਕਿਸੇ ਵੀ ਸ਼ਰਤਾਂ ਦੀ ਉਲੰਘਣਾ ਕਰਦੇ ਹੋ, ਤਾਂ ਅਸੀਂ ਤੁਹਾਨੂੰ ਈ-ਸਾਇਕਲ ਕਰਜ਼ ਦੇਣ ਤੋਂ ਇਨਕਾਰ ਕਰ ਸਕਦੇ ਹਾਂ ਜਾਂ ਤੁਹਾਡੇ ਕਰਜ਼ੇ ਨੂੰ ਰੱਦ ਕਰ ਸਕਦੇ ਹਾਂ।

## 2. ਸਾਡੇ ਬਾਰੇ ਅਤੇ ਸਕੀਮ ਬਾਰੇ ਜਾਣਕਾਰੀ

2.1. ਅਸੀਂ ਸਾਇਕਲਿਸਟਜ਼' ਟੂਰਿੰਗ ਕਲੱਬ (ਸਾਇਕਲਿੰਗ ਯੂਕੇ ਵਜੋਂ ਕਾਰੋਬਾਰ ਵਿਚ) ਹਾਂ, ਕੰਪਨੀ ਨੰਬਰ 25185 ਦੇ ਨਾਲ ਇੰਗਲੈਂਡ ਅਤੇ ਵੇਲਜ਼ ਵਿਚ ਸਥਾਪਤ ਅਤੇ ਰਜਿਸਟਰਡ ਹਾਂ ਅਤੇ ਇੰਗਲੈਂਡ ਅਤੇ ਵੇਲਜ਼ ਵਿਚ ਚੈਰਿਟੀ ਨੰਬਰ 1147607 ਨਾਲ ਅਤੇ ਸਕਾਟਲੈਂਡ ਵਿਚ ਚੈਰਿਟੀ ਨੰਬਰ SC042541 ਨਾਲ ਇੱਕ ਚੈਰਿਟੀ ਵਜੋਂ ਰਜਿਸਟਰਡ ਹਾਂ, ਜਿਸਦਾ ਰਜਿਸਟਰਡ ਦਫ਼ਤਰ ਪਾਰਕਲੈਂਡਜ਼, ਰੇਲਟਨ ਰੋਡ, ਗਿਲਡਫੋਰਡ, ਸਰੀ GU2 9JX ("ਸਾਇਕਲਿੰਗ ਯੂਕੇ") ਵਿਖੇ ਹੈ।

2.2. ਇਸ ਸਕੀਮ ਦਾ ਉਦੇਸ਼ ਈ-ਸਾਇਕਲਾਂ ਬਾਰੇ ਜਨਤਕ ਜਾਗਰੂਕਤਾ ਅਤੇ ਸਮਝ ਨੂੰ ਵਧਾਉਣਾ, ਅਤੇ ਇਸ ਦੀ ਵਰਤੋਂ ਨੂੰ ਤੇਜ਼ ਕਰਨਾ ਹੈ। ਯੋਜਨਾ ਨੂੰ ਪ੍ਰਦਾਨ ਕਰਨ ਲਈ ਸਾਨੂੰ ਟਰਾਂਸਪੋਰਟ ਵਿਭਾਗ ਤੋਂ ਫੰਡ ਪ੍ਰਾਪਤ ਹੋਏ ਹਨ।

2.3. ਤੁਸੀਂ ਇਹਨਾਂ ਸ਼ਰਤਾਂ, ਤੁਹਾਡੇ ਈ-ਸਾਇਕਲ ਅਤੇ / ਜਾਂ ਸਕੀਮ ਨਾਲ ਸਬੰਧਤ ਕਿਸੇ ਵੀ ਸਵਾਲ ਲਈ ਸਾਡੇ ਨਾਲ ਇੱਥੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ: bookings.makingcyclingeasier@cyclinguk.org

## 3. ਈ-ਸਾਇਕਲ ਕਰਜ਼

3.1. ਈ-ਸਾਇਕਲ ਕਰਜ਼ ਲਈ ਤੁਹਾਡੇ ਲਈ ਇਨ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ:

3.1.1. ਇਵਾਂਸ ਸਟੋਰ 'ਤੇ ਕਰਜ਼ੇ ਤੱਕ ਪਹੁੰਚ ਕਰਨ ਲਈ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋਵੋ ਜਾਂ ਹੋਰ ਸਾਰੇ ਈ-ਹੱਬਾਂ 'ਤੇ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ, ਬਸ਼ਰਤੇ ਕਿ 16-17 ਸਾਲ ਦੀ ਉਮਰ ਵਾਲਿਆਂ ਕੋਲ ਮਾਪਿਆਂ ਦੀ ਸਹਿਮਤੀ ਹੋਵੇ ਜਿਸ ਨੂੰ ਭਰੇ ਹੋਏ ਮਾਪਿਆਂ ਦੀ ਸਹਿਮਤੀ ਫਾਰਮ ਵਿੱਚ ਦਸਤਾਵੇਜ਼ੀ ਕੀਤਾ ਹੋਣਾ ਚਾਹੀਦਾ ਹੈ;

3.1.2. ਇੱਕ ਨਿਪੁੰਨ ਅਤੇ ਯੋਗ ਸਾਇਕਲਿਸਟ ਹੋਵੋ;

3.1.3. ਯਕੀਨੀ ਬਣਾਓ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤਾ ਗਿਆ ਸਾਰਾ ਡੇਟਾ ਸਹੀ ਹੈ, ਗੁੰਮਰਾਹਕੁੰਨ ਨਹੀਂ ਹੈ ਅਤੇ ਸੰਪੂਰਨ ਹੈ;

3.1.4. ਸਕੀਮ ਵਿਚ ਹਿੱਸਾ ਲੈਣ ਲਈ ਅਰਜ਼ੀ ਦਿਓ ਅਤੇ ਇਸਨੂੰ ਸਾਡੇ ਦੁਆਰਾ ਸਵੀਕਾਰ ਕੀਤਾ ਗਿਆ ਹੋਵੇ, ਸਾਡੇ ਨਾਲ ਰਜਿਸਟਰ ਹੋਵੋ ਅਤੇ (ਕਿਸੇ ਵੀ ਯੋਗਤਾ ਲੋੜਾਂ ਨੂੰ ਪੂਰਾ ਕਰਨ ਸਮੇਤ) ਸਾਡੇ ਦੁਆਰਾ ਪ੍ਰਵਾਨਿਤ ਹੋਵੋ ਅਤੇ ਇੱਕ ਬੁਕਿੰਗ ਰਸੀਦ ਕੀਤੀ ਹੋਵੇ; ਅਤੇ

3.1.5. ਇਹਨਾਂ ਸ਼ਰਤਾਂ ਨਾਲ ਸਹਿਮਤ ਹੋਵੋ।

3.2. ਅਸੀਂ ਆਪਣੀ ਪੂਰੀ ਮਰਜ਼ੀ ਨਾਲ, ਈ-ਸਾਇਕਲ ਲਈ ਕਰਜ਼ ਦੇਣ ਲਈ ਤੁਹਾਡੀ ਅਰਜ਼ੀ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ।

3.3. ਈ-ਸਾਈਕਲ ਨੂੰ ਪ੍ਰਾਪਤ ਕਰਨ ਸਮੇਂ, ਤੁਹਾਨੂੰ ਆਪਣੀ ਬੁਕਿੰਗ ਦੀ ਪੁਸ਼ਟੀ ਆਪਣੇ ਨਾਲ ਲਿਆਉਣੀ ਚਾਹੀਦੀ ਹੈ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚ ਦੱਸੇ ਅਨੁਸਾਰ ਆਪਣੀ ਪਛਾਣ ਦਾ ਸਬੂਤ ਦੇਣਾ ਚਾਹੀਦਾ ਹੈ। ਜੇਕਰ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਇੱਕ ਈ-ਸਾਈਕਲ ਕਰਜ਼ ਦੇ ਰਹੇ ਹੋ, ਤਾਂ ਤੁਹਾਨੂੰ ਪ੍ਰਾਪਤ ਕਰਨ ਸਮੇਂ ਆਪਣੀ ਮੌਜੂਦਾ ਕੰਮ ਦੇ ਸਥਾਨ ਦੀ ਆਈਡੀ ਵੀ ਪ੍ਰਦਾਨ ਕਰਨੀ ਚਾਹੀਦੀ ਹੈ।

3.3.1. ਵਿਕਲਪ 1: ਤੁਹਾਡੀ ਬੁਕਿੰਗ ਦੀ ਪੁਸ਼ਟੀ, ਗਰੁੱਪ ਏ ਤੋਂ 1 ਦਸਤਾਵੇਜ਼ ਅਤੇ ਗਰੁੱਪ ਬੀ ਤੋਂ 1 ਦਸਤਾਵੇਜ਼; ਹੇਠਾਂ ਦਿੱਤੀ ਸਾਰਣੀ ਤੋਂ; ਜਾਂ

3.3.2. ਵਿਕਲਪ 2: ਤੁਹਾਡੀ ਬੁਕਿੰਗ ਦੀ ਪੁਸ਼ਟੀ ਅਤੇ ਹੇਠਾਂ ਦਿੱਤੀ ਸਾਰਣੀ ਤੋਂ ਗਰੁੱਪ ਬੀ ਤੋਂ 2 ਦਸਤਾਵੇਜ਼ (ਇਹ ਵਿਕਲਪ ਸਿਰਫ਼ ਉਦੋਂ ਹੀ ਵਰਤਿਆ ਜਾਣਾ ਚਾਹੀਦਾ ਹੈ ਜਦੋਂ ਤੁਹਾਡੇ ਕੋਲ ਗਰੁੱਪ ਏ ਦਾ ਕੋਈ ਦਸਤਾਵੇਜ਼ ਨਹੀਂ ਹੈ)।

| **ਗਰੁੱਪ ਏ** | **ਟਿੱਪਣੀਆਂ** | **ਗਰੁੱਪ ਬੀ** | **ਟਿੱਪਣੀਆਂ** |
|---|---|---|---|
| ਪਾਸਪੋਰਟ | ਵੈਧ, ਮੌਜੂਦਾ, ਅਤੇ ਅਸਲੀ ਦਸਤਾਵੇਜ਼। | ਡ੍ਰਾਇਵਿੰਗ ਲਾਇਸੈਂਸ | ਵੈਧ, ਮੌਜੂਦਾ, ਅਤੇ ਅਸਲੀ ਦਸਤਾਵੇਜ਼। |
| ਡਰਾਈਵਿੰਗ ਲਾਇਸੈਂਸ | | ਉਪਯੋਗਤਾ ਬਿੱਲ | ਪਿਛਲੇ 3 ਮਹੀਨਿਆਂ ਦੇ ਅੰਦਰ ਜਾਰੀ ਕੀਤਾ ਗਿਆ, ਸਪਸ਼ਟ ਤੌਰ 'ਤੇ ਨਾਮ ਅਤੇ ਪਤਾ ਪ੍ਰਦਰਸ਼ਿਤ ਕਰਦਾ ਹੋਵੇ। ਡਿਜੀਟਲ ਸੰਸਕਰਣ ਸਵੀਕਾਰ ਕੀਤੇ ਜਾਂਦੇ ਹਨ। |
| ਗੈਰ-ਯੂਕੇ ਦਾ ਰਾਸ਼ਟਰੀ ਆਈਡੀ ਕਾਰਡ | | ਕੌਂਸਲ ਟੈਕਸ ਬਿੱਲ | |
| ਯੂਕੇ ਬਾਇਓਮੈਟ੍ਰਿਕ ਰੈਜ਼ੀਡੈਂਸ ਪਰਮਿਟ (ਬੀਆਰਪੀ) | | ਬੈਂਕ ਸਟੇਟਮੈਂਟ | |
| ਅਸਾਇਲਮ ਰਜਿਸਟ੍ਰੇਸ਼ਨ ਕਾਰਡ (ARC) | | ਮੌਰਗੇਜ ਸਟੇਟਮੈਂਟ | |
| | | ਕ੍ਰੈਡਿਟ ਕਾਰਡ ਸਟੇਟਮੈਂਟ | |
| | | P45 ਜਾਂ P60 ਸਟੇਟਮੈਂਟ | |
| | | HMRC ਜਾਂ DWP ਤੋਂ ਪੱਤਰ | |
| | | ਕਿਰਾਏਦਾਰੀ ਸਮਝੌਤਾ | ਵੈਧ, ਮੌਜੂਦਾ, ਅਤੇ ਅਸਲੀ ਦਸਤਾਵੇਜ਼। |
| ਟਿੱਪਣੀਆਂ | | | |

- ਸਾਰੇ ਦਸਤਾਵੇਜ਼ਾਂ ਨੂੰ ਤੁਹਾਡੇ ਨਾਮ ਜਾਂ ਨਾਮ ਅਤੇ ਪਤੇ ਨੂੰ ਦਿਖਾਉਣਾ ਚਾਹੀਦਾ ਹੈ, ਪ੍ਰਦਾਨ ਕੀਤੇ ਗਏ ਦਸਤਾਵੇਜ਼ਾਂ ਵਿੱਚ ਨਾਮ ਅਤੇ ਪਤਾ ਮੇਲ ਖਾਂਦੇ ਹੋਣ।
- ਗਰੁੱਪ ਏ ਅਤੇ ਗਰੁੱਪ ਬੀ ਦੇ ਦਸਤਾਵੇਜ਼ ਵਿਲੱਖਣ ਹੋਣੇ ਚਾਹੀਦੇ ਹਨ ਅਤੇ ਡਰਾਈਵਿੰਗ ਲਾਇਸੰਸ ਦੋ ਵਾਰ ਨਹੀਂ ਵਰਤਿਆ ਜਾ ਸਕਦਾ।
- ਆਪਣੇ ਮੁੱਖ ਪਤੇ ਤੋਂ ਦੂਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਲਾਜ਼ਮੀ ਤੌਰ 'ਤੇ ਆਪਣੀ ਬੁਕਿੰਗ ਦੀ ਪੁਸ਼ਟੀ, ਮੌਜੂਦਾ ਕਿਰਾਏਦਾਰੀ ਸਮਝੌਤਾ ਅਤੇ ਵੈਧ ਵਿਦਿਆਰਥੀ ਆਈ.ਡੀ. ਪ੍ਰਦਾਨ ਕਰਨੀ ਚਾਹੀਦੀ ਹੈ।

3.4.

3.5. ਕਰਜ਼ ਤੁਹਾਡੀ ਬੁਕਿੰਗ ਦੇ ਪੁਸ਼ਟੀਕਰਨ ਦੀ ਸ਼ੁਰੂਆਤੀ ਮਿਤੀ ਤੋਂ ਸ਼ੁਰੂ ਹੁੰਦਾ ਹੈ ਅਤੇ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਈ-ਸਾਇਕਲ ਸਾਨੂੰ ਕਰਜ਼ ਦੇ ਉਸ ਸਥਾਨ ਜਿੱਥੇ ਤੁਸੀਂ ਈ-ਸਾਇਕਲ ਪ੍ਰਾਪਤ ਕੀਤੀ ਸੀ, 'ਤੇ ਨਿਯਤ ਮਿਤੀ 'ਤੇ ਵਾਪਸ ਨਹੀਂ ਕੀਤਾ ਜਾਂਦਾ ਹੈ ("ਕਰਜ਼ ਦੀ ਮਿਆਦ")।

3.6. ਈ-ਸਾਇਕਲ ਨੂੰ ਪ੍ਰਾਪਤ ਕਰਨਾ ਤੁਹਾਡੀ ਬੁਕਿੰਗ ਪੁਸ਼ਟੀਕਰਨ ਦੀ ਸ਼ੁਰੂਆਤੀ ਮਿਤੀ ਦੇ 48 ਘੰਟਿਆਂ ਦੇ ਅੰਦਰ ਹੋਣਾ ਚਾਹੀਦਾ ਹੈ, ਅਜਿਹਾ ਨਾ ਹੋਣ ਦੇ ਨਤੀਜੇ ਵਜੋਂ ਬੁਕਿੰਗ ਨੂੰ ਸਵੈਚਲਿਤ ਤੌਰ 'ਤੇ ਰੱਦ ਕਰ ਦਿੱਤਾ ਜਾਵੇਗਾ।

3.7. ਈ-ਸਾਇਕਲ ਦਾ ਸਹੀ ਆਕਾਰ ਚੁਣਨ ਲਈ ਤੁਸੀਂ ਜ਼ਿੰਮੇਵਾਰ ਹੋ। ਇਸਨੂੰ ਪ੍ਰਾਪਤ ਕਰਨ ਸਮੇਂ ਸਾਡੇ ਸਟਾਫ ਦੁਆਰਾ ਈ-ਸਾਇਕਲ ਦੇ ਸਹੀ ਆਕਾਰ ਅਤੇ ਫਿਟਿੰਗ ਦੀ ਜਾਂਚ ਕੀਤੀ ਜਾਵੇਗੀ। ਜੇਕਰ ਸਾਡਾ ਸਟਾਫ ਮੰਨਦਾ ਹੈ ਕਿ ਈ-ਸਾਇਕਲ ਦਾ ਆਕਾਰ ਜਾਂ ਫਿਟਿੰਗ ਸਹੀ ਨਹੀਂ ਹੈ, ਤਾਂ ਅਸੀਂ ਕਰਜ਼ੇ ਤੋਂ ਇਨਕਾਰ ਕਰ ਸਕਦੇ ਹਾਂ। ਕਿਸੇ ਬੁੱਕ ਕੀਤੇ ਈ-ਸਾਇਕਲ ਨੂੰ ਕਿਸੇ ਵਿਕਲਪ ਨਾਲ ਬਦਲਣ ਦੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ।

3.8. ਪੈਰਾ 3.6 ਤੁਹਾਡੇ 'ਤੇ ਲਾਗੂ ਨਹੀਂ ਹੁੰਦਾ ਜੇਕਰ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਟਾਇਅਰ (TIER) ਈ-ਸਾਇਕਲ ਦਾ ਕਰਜ਼ਾ ਲੈ ਰਹੇ ਹੋ। ਟਾਇਅਰ (TIER) ਈ-ਸਾਇਕਲ ਇੱਕ ਆਕਾਰ ਦੇ ਹੁੰਦੇ ਹਨ।

3.9. ਤੁਹਾਡੇ ਕਰਜ਼ੇ ਦੀ ਸ਼ੁਰੂਆਤ 'ਤੇ ਈ-ਸਾਇਕਲ ਨੂੰ ਪ੍ਰਾਪਤ ਕਰਨ ਸਮੇਂ, ਤੁਹਾਨੂੰ ਕਰਜ਼ ਦੇ ਸਥਾਨ ਨੂੰ ਛੱਡਣ ਤੋਂ ਪਹਿਲਾਂ ਇਹ ਜਾਂਚ ਕਰਨੀ ਚਾਹੀਦੀ ਹੈ ਅਤੇ ਸਹਿਮਤ ਹੋਣਾ ਚਾਹੀਦਾ ਹੈ ਕਿ ਈ-ਸਾਇਕਲ ਚੰਗੀ ਸਥਿਤੀ ਵਿਚ ਹੈ।

3.10. ਤੁਹਾਨੂੰ ਬੈਟਰੀ ਪੂਰੀ ਤਰ੍ਹਾਂ ਚਾਰਜ ਹੋਣ ਦੇ ਨਾਲ ਅਤੇ ਉਸੇ ਸਥਿਤੀ ਵਿਚ ਜਿਵੇਂ ਤੁਸੀਂ ਇਸਨੂੰ ਪ੍ਰਾਪਤ ਕੀਤਾ ਸੀ (ਇਹਨਾਂ ਸ਼ਰਤਾਂ ਦੀ ਪਾਲਣਾ ਅਨੁਸਾਰ ਕਿਸੇ ਵੀ ਉਚਿਤ ਘਿਸਾਵਟ ਨੂੰ ਛੱਡ ਕੇ) ਈ-ਸਾਇਕਲ ਨੂੰ ਸਹੀ ਹਾਲਤ ਵਿਚ ਵਾਪਸ ਕਰਨਾ ਚਾਹੀਦਾ ਹੈ।

3.11. ਜੇਕਰ ਤੁਸੀਂ ਆਪਣੇ ਕੰਮ ਵਾਲੀ ਥਾਂ ਤੋਂ ਟਾਇਅਰ (TIER) ਈ-ਸਾਇਕਲ ਕਰਜ਼ ਲੈ ਰਹੇ ਹੋ, ਤਾਂ ਤੁਸੀਂ ਘਰ ਵਿਚ ਈ-ਸਾਇਕਲ ਦੀ ਬੈਟਰੀ ਚਾਰਜ ਨਹੀਂ ਕਰ ਸਕੋਗੇ। ਇਹ ਲਾਜ਼ਮੀ ਤੌਰ 'ਤੇ ਤੁਹਾਡੇ ਕੰਮ ਵਾਲੀ ਥਾਂ 'ਤੇ ਚਾਰਜ ਕੀਤਾ ਜਾਣਾ ਚਾਹੀਦਾ ਹੈ।

3.12. ਤੁਹਾਨੂੰ ਕਰਜ਼ ਦੀ ਮਿਆਦ ਦੇ ਅੰਤ 'ਤੇ ਤੁਹਾਡੀ ਬੁਕਿੰਗ ਦੀ ਰਸੀਦ 'ਤੇ ਦੱਸੀ ਗਈ ਮਿਤੀ, ਸਮੇਂ ਅਤੇ ਸਥਾਨ 'ਤੇ ਈ-ਸਾਇਕਲ ਅਤੇ ਨਾਲ ਇਸ ਨਾਲ ਸੰਬੰਧਤ ਕੋਈ ਵੀ ਸਮਾਨ ਲਾਜ਼ਮੀ ਤੌਰ 'ਤੇ ਵਾਪਸ ਕਰਨਾ ਚਾਹੀਦਾ ਹੈ। ਜੇਕਰ ਈ-ਸਾਇਕਲ (ਕਿਸੇ ਵੀ ਸਹਾਇਕ ਉਪਕਰਣ ਸਮੇਤ) ਸਾਨੂੰ ਕਰਜ਼ ਦੀ ਮਿਆਦ ਦੇ ਆਖਰੀ ਦਿਨ ਜਾਂ ਇਸ ਤੋਂ ਪਹਿਲਾਂ ਵਾਪਸ ਨਹੀਂ ਕੀਤਾ ਜਾਂਦਾ ਹੈ, ਤਾਂ ਅਸੀਂ ਹੇਠਾਂ ਦਿੱਤੀ ਧਾਰਾ 5 ਦੇ ਅਨੁਸਾਰ ਲੇਟ ਫੀਸ ਵਸੂਲਣ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ।

3.13. ਤੁਸੀਂ ਪ੍ਰਤੀ ਵਿਅਕਤੀ ਸਿਰਫ਼ ਇੱਕ ਈ-ਸਾਇਕਲ ਬੁੱਕ ਕਰ ਸਕਦੇ ਹੋ ਅਤੇ ਸਕੀਮ ਦੀ ਮਿਆਦ ਲਈ ਸਿਰਫ਼ ਇੱਕ ਈ-ਸਾਇਕਲ ਕਰਜ਼ ਦੀ ਇਜਾਜ਼ਤ ਹੈ (ਲਗਾਤਾਰ / ਆਵਰਤੀ / ਦੁਹਰਾਈ ਵਾਲੀ ਬੁਕਿੰਗ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਕਕ ਆਪਣੇ ਆਪ ਰੱਦ ਕਰ ਦਿੱਤੀ ਜਾਵੇਗੀ)।

3.14. ਤੁਸੀਂ ਸਾਡੀ ਨਿਗਰਾਨੀ ਅਤੇ ਮੁਲਾਂਕਣ ਪ੍ਰਕਿਰਿਆ ਵਿਚ ਹਿੱਸਾ ਲੈਣ ਲਈ ਸਹਿਮਤ ਹੋ, ਜਿਸ ਵਿਚ ਇੱਕ ਪੂਰਵ-ਕਰਜ਼ ਸਰਵੇਖਣ ਅਤੇ ਕਰਜ਼ੇ ਤੋਂ ਬਾਅਦ ਦੇ ਦੋ ਸਰਵੇਖਣ ਸ਼ਾਮਲ ਹਨ। ਤੁਸੀਂ ਸਰਵੇਖਣਾਂ ਲਈ ਅਗਿਆਤ ਰੂਪ ਵਿਚ ਜਵਾਬ ਦੇ ਸਕਦੇ ਹੋ।

3.15. ਸਕੀਮ ਵਿਚ ਤੁਹਾਡੀ ਭਾਗੀਦਾਰੀ ਤੋਂ ਬਾਅਦ, ਸਾਇਕਲਿੰਗ ਯੂਕੇ ਜਾਂ ਡਿਪਾਰਟਮੈਂਟ ਫਾਰ ਟ੍ਰਾਂਸਪੋਰਟ ਦੇ ਮੁਲਾਂਕਣ ਪਾਰਟਨਰ, ਸਟੀਅਰ (Steer), ਤੁਹਾਨੂੰ ਇਸ ਸਕੀਮ ਅਤੇ ਇਸ ਵਿਚ ਤੁਹਾਡੀ ਭਾਗੀਦਾਰੀ ਬਾਰੇ ਅੱਗੇ ਦੀ ਖੋਜ ਵਿਚ ਹਿੱਸਾ ਲੈਣ ਲਈ ਸੱਦਾ ਦੇਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ।

3.16. ਤੁਹਾਨੂੰ ਆਪਣੀ ਬੁਕਿੰਗ ਦਾ ਪ੍ਰਬੰਧਨ ਕਰਨ, ਤੁਹਾਡੀ ਮੁਫ਼ਤ ਸਾਇਕਲਿੰਗ ਯੂਕੇ ਮੈਂਬਰਸ਼ਿਪ ਪ੍ਰਦਾਨ ਕਰਨ ਲਈ (ਧਾਰਾ 10.5 ਦੇਖੋ) ਅਤੇ ਸਾਡੇ ਨਿਗਰਾਨੀ ਅਤੇ ਮੁਲਾਂਕਣ ਸਰਵੇਖਣਾਂ ਤੱਕ ਪਹੁੰਚ ਕਰਨ ਲਈ (ਧਾਰਾ 3.13 ਦੇਖੋ) ਲਈ ਜ਼ਰੂਰੀ ਪੱਤਰ-ਵਿਹਾਰ ਪ੍ਰਾਪਤ ਹੋਵੇਗਾ।

## 4. ਤੁਹਾਡੀਆਂ ਜ਼ਿੰਮੇਵਾਰੀਆਂ

4.1. ਈ-ਸਾਇਕਲ ਦੀ ਵਰਤੋਂ ਕਰਦੇ ਸਮੇਂ, ਤੁਹਾਨੂੰ ਇਹ ਕਰਨਾ ਚਾਹੀਦਾ ਹੈ:

4.1.1. ਇਹਨਾਂ ਨਿਯਮਾਂ ਅਤੇ ਲਾਗੂ ਹੋਣ ਵਾਲੇ ਸਾਰੇ ਕਾਨੂੰਨਾਂ ਦੀ ਪਾਲਣਾ ਕਰਨਾ;

4.1.2. ਹਾਈਵੇ ਕੋਡ ਦੀ ਪਾਲਣਾ;

4.1.3. ਸਾਰੇ ਟ੍ਰੈਫਿਕ ਸੰਕੇਤਾਂ ਅਤੇ ਸਿਗਨਲਾਂ ਦੀ ਪਾਲਣਾ ਕਰੋ;

4.1.4. ਇਹ ਸੁਨਿਸ਼ਚਿਤ ਕਰੋ ਕਿ ਈ-ਸਾਇਕਲ ਵਰਤੋਂ ਤੋਂ ਪਹਿਲਾਂ ਸੜਕ ਉੱਪਰ ਚਲਾਉਣ ਦੇ ਯੋਗ ਹੈ (ਇਸ ਵਿਚ ਹਰ ਵਾਰ ਵਰਤੋਂ ਤੋਂ ਪਹਿਲਾਂ ਟਾਇਰ, ਬ੍ਰੇਕ, ਸੀਟ ਅਤੇ ਘੰਟੀ ਵਰਤੋਂ ਲਈ ਠੀਕ ਹਨ);

4.1.5. ਈ-ਸਾਇਕਲ ਦੀ ਵਰਤੋਂ ਵਾਜਬ ਤਰੀਕੇ ਨਾਲ ਅਤੇ ਜ਼ਿੰਮੇਵਾਰੀ ਨਾਲ ਕਰੋ;

4.1.6. ਸਾਡੇ ਅਤੇ/ਜਾਂ ਨਿਰਮਾਤਾ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਕਿਸੇ ਵੀ ਤਰ੍ਹਾਂ ਦੀਆਂ ਹਦਾਇਤਾਂ ਦੇ ਅਨੁਸਾਰ ਈ-ਸਾਇਕਲ ਦੀ ਵਰਤੋਂ ਕਰੋ;

4.1.7. ਈ-ਸਾਇਕਲ ਦੀ ਲਿਥੀਅਮ ਬੈਟਰੀ ਦੀ ਚੰਗੀ ਦੇਖਭਾਲ ਨੂੰ ਯਕੀਨੀ ਬਣਾਓ: ਸਾਡੇ ਜਾਂ ਨਿਰਮਾਤਾ ਦੁਆਰਾ ਪ੍ਰਦਾਨ ਕੀਤੀਆਂ ਚਾਰਜਿੰਗ ਹਿਦਾਇਤਾਂ ਦੀ ਪਾਲਣਾ ਕਰੋ ਟਾਇਅਰ (TIER) ਈ-ਸਾਇਕਲ ਉਪਭੋਗਤਾਵਾਂ ਦੁਆਰਾ ਚਾਰਜ ਨਹੀਂ ਕੀਤੇ ਜਾ ਸਕਦੇ ਹਨ); ਬੈਟਰੀ ਨੂੰ ਬਹੁਤ ਜ਼ਿਆਦਾ ਤਾਪਮਾਨਾਂ ਵਿਚ ਨਾ ਕੱਢੋ; ਬੈਟਰੀ ਨੂੰ ਨਾ ਡੇਗੋ ਜਾਂ ਕਿਸੇ ਵੀ ਤਰੀਕੇ ਨਾਲ ਇਸ ਨਾਲ ਛੇੜਛਾੜ ਨਾ ਕਰੋ, ਅਤੇ ਸਿਰਫ ਈ-ਸਾਇਕਲ ਨੂੰ ਪਾਵਰ ਦੇਣ ਲਈ ਬੈਟਰੀ ਦੀ ਵਰਤੋਂ ਕਰੋ। ਜੇਕਰ ਬੈਟਰੀ ਖਰਾਬ ਹੋ ਗਈ ਹੈ, ਤਾਂ ਕਿਰਪਾ ਕਰਕੇ ਸਾਨੂੰ ਈਮੇਲ ਰਾਹੀਂ ਇਸਦੀ ਸੂਚਨਾ ਦਿਓ: bookings.makingcyclingeasier@cyclinguk.org

4.1.8. ਈ-ਸਾਇਕਲ ਦੀ ਦੇਖਭਾਲ ਕਰੋ; ਅਤੇ

4.1.9. ਜਦੋਂ ਇਹ ਵਰਤੋਂ ਵਿਚ ਨਾ ਹੋਵੇ ਜਾਂ ਇਸਦੇ ਨੇੜੇ ਨਾ ਹੋਵੋ ਤਾਂ ਈ-ਸਾਇਕਲ ਨੂੰ : ਇੱਕ ਸੁਰੱਖਿਅਤ ਜਗ੍ਹਾ ਤੇ ਰੱਖੋ, ਇੱਕ ਸਥਿਰ ਚੀਜ਼ ਨਾਲ ਬੰਨ ਦਿਓ, ਅਤੇ ਪ੍ਰਦਾਨ ਕੀਤੇ ਗਏ ਲਾਕ ਦੀ ਵਰਤੋਂ ਕਰਦੇ ਹੋਏ, ਸੁਰੱਖਿਅਤ ਢੰਗ ਨਾਲ ਲਾਕ ਕਰੋ। ਜੇਕਰ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਇੱਕ ਟਾਇਅਰ (TIER) ਈ-ਸਾਇਕਲ ਕਰਜ਼ ਤੇ ਲੈ ਰਹੇ ਹੋ, ਤਾਂ ਟਾਇਅਰ (TIER) ਈ-ਸਾਇਕਲਜ਼ ਨੂੰ ਇੱਕ ਸਥਿਰ ਚੀਜ਼ ਨਾਲ ਲਾਕ ਕਰਨ ਦੀ ਲੋੜ ਨਹੀਂ ਹੁੰਦੀ ਹੈ।

4.2. ਈ-ਸਾਇਕਲ (ਕਿਸੇ ਵੀ ਸਹਾਇਕ ਉਪਕਰਣ ਸਮੇਤ) ਦੀ ਵਰਤੋਂ ਕਰਦੇ ਸਮੇਂ ਤੁਹਾਨੂੰ ਇਹ ਨਹੀਂ ਕਰਨਾ ਚਾਹੀਦਾ:

4.2.1. ਈ-ਸਾਇਕਲ ਨੂੰ ਅਣਗੌਲਿਆ ਜਾਂ ਅਸੁਰੱਖਿਅਤ ਛੱਡਣਾ (ਉਪਰੋਕਤ ਧਾਰਾ 4.1.9 ਦੇ ਅਨੁਸਾਰ ਟਾਇਅਰ (TIER) ਈ-ਸਾਇਕਲਾਂ ਨੂੰ ਛੱਡ ਕੇ);

4.2.2. ਈ-ਸਾਇਕਲ ਦੀ ਵਰਤੋਂ ਉਸ ਉਦੇਸ਼ ਤੋਂ ਇਲਾਵਾ ਕਰਨੀ ਕਰੋ ਜਿਸ ਉਦੇਸ਼ ਲਈ ਇਹ ਬਣੀ ਸੀ। ਉਦਾਹਰਨ ਲਈ, ਤੁਹਾਨੂੰ ਕੋਰੀਅਰ ਸੇਵਾ ਪ੍ਰਦਾਨ ਨਹੀਂ ਕਰਨੀ ਚਾਹੀਦੀ ਜਾਂ ਸੰਚਾਲਿਤ ਨਹੀਂ ਕਰਨੀ ਚਾਹੀਦੀ ਜਾਂ ਕਿਸੇ ਵਪਾਰਕ ਉਦੇਸ਼ ਲਈ ਇਸਦੀ ਵਰਤੋਂ ਨਹੀਂ ਕਰਨੀ ਚਾਹੀਦੀ;

4.2.3. ਇਸਨੂੰ ਵੇਚਣਾ, ਉਧਾਰ ਦੇਣਾ, ਦੇਣਾ, ਕਿਰਾਏ 'ਤੇ ਲੈਣਾ, ਕਿਰਾਏ 'ਤੇ ਦੇਣਾ ਜਾਂ ਈ-ਸਾਇਕਲ ਨੂੰ ਸਾਂਝਾ ਕਰਨਾ ਜਾਂ ਕਿਸੇ ਹੋਰ ਵਿਅਕਤੀ ਨੂੰ ਈ-ਸਾਇਕਲ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣਾ;

4.2.4. ਈ-ਸਾਇਕਲ ਨੂੰ ਨੁਕਸਾਨ ਪਹੁੰਚਾਉਣਾ, ਵਿਗਾੜਨਾ ਜਾਂ ਭੰਨਣਾ;

4.2.5. ਈ-ਸਾਇਕਲ ਉੱਪਰ ਭਾਰ ਢੋਣਾ:

(a) 250 ਪਾਉਂਡ (130 ਕਿ.ਗ੍ਰਾ.) - ਜਾਂ ਟਾਇਅਰ (TIER) ਈ-ਸਾਇਕਲਾਂ ਲਈ 242 ਪਾਉਂਡ (110 ਕਿ.ਗ੍ਰਾ.) ਤੋਂ ਵੱਧ ਦੇ ਕੁੱਲ ਵਜ਼ਨ ਦੇ ਨਾਲ;

(b) ਇੱਕ ਸਮੇਂ ਵਿਚ ਇੱਕ ਤੋਂ ਵੱਧ ਵਿਅਕਤੀਆਂ ਨਾਲ;

(c) 20 ਪਾਉਂਡ (10ਕਿ.ਗ੍ਰਾ.) - ਜਾਂ ਟਾਇਅਰ (TIER) ਈ-ਸਾਇਕਲਾਂ ਲਈ 13 ਪਾਉਂਡ (6 ਕਿ.ਗ੍ਰਾ.) ਤੋਂ ਵੱਧ ਕੁੱਲ ਵਜ਼ਨ ਵਾਲੀ ਟੋਕਰੀ ਦੇ ਨਾਲ;

(d) ਕਿਸੇ ਜਾਨਵਰ, ਬੱਚਿਆਂ ਜਾਂ ਵਿਅਕਤੀਆਂ ਵਾਲੀ ਇੱਕ ਟੋਕਰੀ ਨਾਲ;

4.2.6. ਖ਼ਤਰਨਾਕ, ਜੋਖ਼ਮ ਪੂਰਨ ਜਾਂ ਜਲਣਸ਼ੀਲ ਪਦਾਰਥ ਜਾਂ ਕੋਈ ਵੀ ਵਸਤੂ ਜਿਸ ਨਾਲ ਤੁਹਾਨੂੰ ਸੱਟ ਲੱਗ ਸਕਦੀ ਹੈ ਅਤੇ/ਜਾਂ ਈ-ਸਾਇਕਲ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ/ਜਾਂ ਜਿਸਦੀ ਕਾਨੂੰਨ ਦੁਆਰਾ ਮਨਾਹੀ ਹੈ;

4.2.7. ਰੇਸਿੰਗ ਜਾਂ ਸਟੰਟ ਜਾਂ ਟ੍ਰਿਕ ਰਾਈਡਿੰਗ ਲਈ ਈ-ਸਾਇਕਲ ਦੀ ਵਰਤੋਂ ਕਰਨਾ;

4.2.8. ਸ਼ਰਾਬ, ਤੇਜ਼ ਦਵਾਈਆਂ ਜਾਂ ਹੋਰ ਦਵਾਈਆਂ ਦੇ ਪ੍ਰਭਾਵ ਅਧੀਨ ਈ-ਸਾਇਕਲ ਦੀ ਵਰਤੋਂ ਕਰਨਾ;

4.2.9. ਟੈਕਸਟ ਕਰਦੇ ਸਮੇਂ ਜਾਂ ਆਪਣੇ ਮੋਬਾਈਲ ਫੋਨ ਦੀ ਵਰਤੋਂ ਕਰਦਿਆਂ ਈ-ਸਾਇਕਲ ਦੀ ਵਰਤੋਂ ਕਰਨਾ;

4.2.10. ਈ-ਸਾਇਕਲ ਨੂੰ ਤੋੜਨਾ ਜਾਂ ਛੇੜਛਾੜ ਕਰਨਾ (ਜਾਂ ਕਿਸੇ ਵੀ ਤਰੀਕੇ ਨਾਲ ਅਜਿਹਾ ਕਰਨ ਦੀ ਕੋਸ਼ਿਸ਼ ਕਰਨਾ);

4.2.11. ਈ-ਸਾਇਕਲ ਵਿਚ ਸਹਾਇਕ ਉਪਕਰਣ ਜਾਂ ਟ੍ਰੇਲਰ ਜੋੜਨਾ ਜਾਂ ਬੰਨਣਾ;

4.2.12. ਅਪਰਾਧਿਕ ਗਤੀਵਿਧੀਆਂ ਲਈ ਈ-ਸਾਇਕਲ ਦੀ ਵਰਤੋਂ ਕਰੋ;

4.2.13. ਸਮਾਜ-ਵਿਰੋਧੀ ਵਿਵਹਾਰ ਲਈ ਈ-ਸਾਇਕਲ ਦੀ ਵਰਤੋਂ ਕਰਨਾ (ਉਦਾਹਰਣ ਵਜੋਂ, ਅਜਿਹੇ ਤਰੀਕੇ ਨਾਲ ਜੋ ਦੂਜਿਆਂ ਲਈ ਪਰੇਸ਼ਾਨੀ, ਚੇਤਾਵਨੀ, ਅਪਰਾਧ ਜਾਂ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ ਜਾਂ ਬਣਨ ਦੀ ਸੰਭਾਵਨਾ ਹੈ); ਅਤੇ

4.2.14. ਈ-ਸਾਇਕਲ ਨੂੰ ਕਿਸੇ ਵੀ ਥਾਂ 'ਤੇ ਛੱਡਣਾ ਜਿੱਥੇ ਇਹ ਕਿਸੇ ਜਨਤਕ ਮਾਰਗ, ਜਿਵੇਂ ਕਿ ਫੁੱਟਪਾਥ, ਸਾਇਕਲ ਲੇਨ ਜਾਂ ਸੜਕ ਵਿਚ ਰੁਕਾਵਟ ਪਵੇ।

4.2.15. ਕਿਸੇ ਵੀ ਹਾਲਤ ਵਿੱਚ ਈ-ਸਾਈਕਲ ਯੂਨਾਈਟਿਡ ਕਿੰਗਡਮ ਤੋਂ ਬਾਹਰ ਨਾ ਲਿਜਾਓ।

## 5. ਈ-ਸਾਇਕਲ ਦੀ ਦੇਰੀ ਨਾਲ ਵਾਪਸੀ ਜਾਂ ਗੈਰ-ਵਾਪਸੀ

5.1. ਜੇਕਰ ਉਪਰੋਕਤ ਧਾਰਾ 3.11 (ਤਾਰੀਖ, ਸਮਾਂ ਅਤੇ ਸਥਾਨ) ਦੇ ਅਨੁਸਾਰ ਕਰਜ਼ ਦੀ ਮਿਆਦ ਦੇ ਅੰਤ ਤੱਕ ਈ-ਸਾਇਕਲ ਸਾਨੂੰ ਵਾਪਸ ਨਹੀਂ ਕੀਤਾ ਜਾਂਦਾ ਹੈ, ਤਾਂ ਕਰਜ਼ ਦੀ ਮਿਆਦ ਪੁੱਗਣ ਤੋਂ ਬਾਅਦ ਈ-ਸਾਇਕਲ ਵਾਪਸ ਨਾ ਕਰਨ ਲਈ ਤੁਹਾਡੇ ਤੋਂ ਹਰ ਦਿਨ ਲਈ £50 ਦੀ ਦੇਰੀ ਨਾਲ ਵਾਪਸੀ ਕਰਨ ਦੀ ਫੀਸ ("ਦੇਰ ਨਾਲ ਵਾਪਸੀ ਦੀ ਫੀਸ") ਲਈ ਜਾਵੇਗੀ ਅਤੇ ਜੇਕਰ ਸਾਨੂੰ ਈ-ਸਾਇਕਲ ਨੂੰ ਮੁੜ ਪ੍ਰਾਪਤ ਕਰਨ ਜਾਂ ਦੁਬਾਰਾ ਹਾਸਲ ਕਰਨ ਦੀ ਲੋੜ ਪੈਂਦੀ ਹੈ ਤਾਂ £200 ਦੀ ਰਿਕਵਰੀ ਫੀਸ ("ਰਿਕਵਰੀ ਫ਼ੀਸ") ਸ਼ਾਮਲ ਕੀਤੀ ਜਾਵੇਗੀ। ਦੇਰੀ ਨਾਲ ਵਾਪਸੀ ਦੀ ਫੀਸ £1,500 ਤੱਕ ਸੀਮਤ ਕੀਤੀ ਜਾਵੇਗੀ ਅਤੇ ਇਹ ਰਕਮ ਤੁਹਾਡੇ ਵੱਲੋਂ ਸਾਨੂੰ ਈ-ਸਾਇਕਲ ਵਾਪਸ ਕਰਨ ਦੀ ਮਿਤੀ ਨੂੰ ਜਾਂ ਕਰਜ਼ ਦੀ ਮਿਆਦ ਖਤਮ ਹੋਣ ਤੋਂ ਤੀਹ (30) ਦਿਨ ਬਾਅਦ, ਜੋ ਵੀ ਪਹਿਲਾਂ ਹੋਏ, ਨੂੰ ਕਰਜ਼ ਵਜੋਂ ਮੰਗੇ ਜਾਣ 'ਤੇ ਭੁਗਤਾਨ ਯੋਗ ਹੋਵੇਗੀ।

5.2. ਦੇਰੀ ਨਾਲ ਵਾਪਸੀ ਦੀ ਫੀਸ ਅਤੇ ਰਿਕਵਰੀ ਫੀਸ ਲਗਾਉਣ ਅਤੇ ਵਸੂਲੀ ਕਰਨ ਤੋਂ ਇਲਾਵਾ, ਅਸੀਂ ਈ-ਸਾਇਕਲ ਅਤੇ ਕਿਸੇ ਵੀ ਸਹਾਇਕ ਉਪਕਰਣ ਦੇ ਦੇਰੀ ਨਾਲ ਜਾਂ ਵਾਪਸ ਨਾ ਹੋਣ ਦੇ ਸਬੰਧ ਵਿਚ ਆਪਣੇ ਅਧਿਕਾਰ ਰਾਖਵੇਂ ਰੱਖਦੇ ਹਾਂ, ਇਸ ਵਿਚ ਤੁਹਾਡੇ ਵਿਰੁੱਧ ਮੁਕੱਦਮਾ ਚਲਾ ਕੇ, ਅਤੇ / ਜਾਂ ਪੁਲਿਸ ਨੂੰ ਅਪਰਾਧਿਕਤਾ ਦੇ ਕਿਸੇ ਸਬੂਤ ਦੀ ਸੂਚਨਾ ਦੇਣ ਰਾਹੀਂ ਤੁਹਾਡੇ ਤੋਂ ਈ-ਸਾਇਕਲ ਨੂੰ ਲੱਭਣ ਅਤੇ ਮੁੜ ਪ੍ਰਾਪਤ ਕਰਨ ਲਈ ਕਦਮ ਚੁੱਕਣਾ ਸ਼ਾਮਲ ਹੈ। ਸਾਡੇ ਈ-ਸਾਈਕਲ ਚੋਰੀ ਵਿਰੋਧੀ GPS ਟਰੈਕਿੰਗ ਯੰਤਰਾਂ ਨਾਲ ਲੈਸ ਹਨ ਜੋ ਅਜਿਹੇ ਈ-ਸਾਈਕਲਾਂ ਦੀ ਰਿਕਵਰੀ ਨੂੰ ਸਮਰੱਥ ਬਣਾਉਣ ਲਈ ਚੋਰੀ ਜਾਂ ਵਾਪਸ ਨਾ ਹੋਣ ਦੀ ਸਥਿਤੀ ਵਿੱਚ ਕਿਰਿਆਸ਼ੀਲ ਹੋ ਸਕਦੇ ਹਨ।

## 6. ਸੁਰੱਖਿਆ

6.1. ਅਸੀਂ ਚਾਹੁੰਦੇ ਹਾਂ ਕਿ ਈ-ਸਾਇਕਲ ਦੀ ਵਰਤੋਂ ਕਰਦੇ ਸਮੇਂ ਤੁਹਾਨੂੰ ਇੱਕ ਸੁਰੱਖਿਅਤ ਅਤੇ ਆਨੰਦਦਾਇਕ ਅਨੁਭਵ ਹੋਵੇ। ਉਪਰੋਕਤ ਧਾਰਾਵਾਂ 4.1 ਅਤੇ 4.2 ਵਿਚ ਦੱਸੀਆਂ ਗਈਆਂ ਸਾਡੀਆਂ ਈ-ਸਾਇਕਲ ਦੀ ਵਰਤੋਂ ਸੰਬੰਧੀ ਜ਼ਰੂਰਤਾਂ ਦੀ ਪਾਲਣਾ ਕਰਨ ਅਤੇ ਸਾਵਧਾਨੀ ਅਤੇ ਸਹੀ ਨਿਰਣਾਇਕ ਸਮਰੱਥਾ ਦੀ ਵਰਤੋਂ ਕਰਨ ਦੇ ਨਾਲ-ਨਾਲ, ਅਸੀਂ ਜ਼ੋਰਦਾਰ ਸਲਾਹ ਦਿੰਦੇ ਹਾਂ ਕਿ ਤੁਸੀਂ ਪ੍ਰਦਾਨ ਕੀਤਾ ਹੈਲਮੇਟ ਪਹਿਨੋ ਅਤੇ ਈ-ਸਾਇਕਲ (ਪ੍ਰਦਾਨ ਕੀਤੀਆਂ ਲਾਈਟਾਂ ਸਮੇਤ) ਦੀ ਵਰਤੋਂ ਕਰਦੇ ਸਮੇਂ ਢੁਕਵੇਂ ਸੁਰੱਖਿਆ ਉਪਕਰਨਾਂ ਅਤੇ ਕਪੜਿਆਂ ਦੀ ਵਰਤੋਂ ਕਰੋ ਅਤੇ ਸਾਡੇ ਮਾਰਗਦਰਸ਼ਨ ਅਤੇ ਸੁਰੱਖਿਆ ਸੁਝਾਵਾਂ ਦੀ ਪਾਲਣਾ ਕਰੋ।

6.2. ਤੁਸੀਂ ਸਵੀਕਾਰ ਕਰਦੇ ਹੋ ਕਿ ਸਾਇਕਲ ਚਲਾਉਣ ਦੇ ਜੋਖਮ ਹਨ ਅਤੇ ਪੁਸ਼ਟੀ ਕਰਦੇ ਹੋ ਕਿ ਤੁਸੀਂ ਇੱਕ ਸਮਰੱਥ ਸਾਇਕਲ ਸਵਾਰ ਹੋ ਜੋ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਸਾਇਕਲ ਚਲਾਏਗਾ। ਤੁਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋ ਕਿ ਤੁਸੀਂ ਸਰੀਰਕ ਤੌਰ 'ਤੇ ਈ-ਸਾਇਕਲ ਦੀ ਸੁਰੱਖਿਅਤ ਵਰਤੋਂ ਕਰਨ ਦੇ ਯੋਗ ਹੋ ਅਤੇ ਤੁਸੀਂ ਆਪਣੇ ਜੋਖਮ 'ਤੇ ਸਵਾਰੀ ਕਰਦੇ ਹੋ।

## 7. ਬੇਦਖਲੀ ਅਤੇ ਮੁਅੱਤਲੀ

7.1. ਜੇਕਰ ਤੁਸੀਂ ਕਿਸੇ ਵੀ ਸਮੇਂ ਇਹਨਾਂ ਨਿਯਮਾਂ ਅਤੇ / ਜਾਂ ਕਿਸੇ ਵੀ ਲਾਗੂ ਕਾਨੂੰਨਾਂ ਦੀ ਪਾਲਣਾ ਨਹੀਂ ਕਰਦੇ ਹੋ ਤਾਂ ਅਸੀਂ ਤੁਹਾਨੂੰ ਇਸ ਸਕੀਮ ਵਿਚ ਹਿੱਸਾ ਲੈਣ ਅਤੇ ਈ-ਸਾਇਕਲ ਦੀ ਵਰਤੋਂ ਕਰਨ ਤੋਂ ਬਾਹਰ ਕਰ ਸਕਦੇ ਜਾਂ ਮੁਅੱਤਲ ਕਰ ਸਕਦੇ ਹਾਂ।

7.2. ਜਿੱਥੇ ਸ਼ਰਤਾਂ ਦੀ ਪਾਲਣਾ ਨਾ ਕਰਨਾ (ਈ-ਸਾਇਕਲ ਦੀ ਚੋਰੀ ਸਮੇਤ) ਅਪਰਾਧਿਕ ਪ੍ਰਕਿਰਤੀ ਦਾ ਹੋਵੇਗਾ, ਅਸੀਂ ਮਾਮਲੇ ਨੂੰ ਪੁਲਿਸ ਕੋਲ ਭੇਜਣ ਅਤੇ ਪੁਲਿਸ ਨੂੰ ਸੰਬੰਧਿਤ ਜਾਣਕਾਰੀ ਦਾ ਖੁਲਾਸਾ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਪੁਲਿਸ ਦੁਆਰਾ ਇਹਨਾਂ ਨਿਯਮਾਂ ਅਤੇ ਕਿਸੇ ਵੀ ਲਾਗੂ ਕਾਨੂੰਨ ਦੀ ਪਾਲਣਾ ਨਾ ਕਰਨ ਦੇ ਸੰਬੰਧ ਵਿਚ ਦਿੱਤੀ ਗਈ ਜਾਣਕਾਰੀ, ਤੁਹਾਨੂੰ ਸਕੀਮ ਵਿਚ ਹਿੱਸਾ ਲੈਣ ਅਤੇ ਈ-ਸਾਇਕਲ ਦੀ ਵਰਤੋਂ ਕਰਨ ਤੋਂ ਬਾਹਰ ਕਰਨ ਜਾਂ ਮੁਅੱਤਲ ਕਰਨ ਲਈ ਕੀਤੀ ਜਾ ਸਕਦੀ ਹੈ।

7.3. ਜੇਕਰ ਤੁਹਾਨੂੰ ਸਕੀਮ ਤੋਂ ਬਾਹਰ ਰੱਖਿਆ ਗਿਆ ਹੈ ਜਾਂ ਮੁਅੱਤਲ ਕੀਤਾ ਗਿਆ ਹੈ ਤਾਂ ਅਸੀਂ ਤੁਹਾਡੇ ਈ-ਸਾਇਕਲ ਦੇ ਕਰਜ਼ੇ ਨੂੰ ਰੱਦ ਕਰ ਦੇਵਾਂਗੇ ਅਤੇ ਤੁਹਾਨੂੰ ਤੁਰੰਤ ਤੁਹਾਡੀ ਬੁਕਿੰਗ ਪੁਸ਼ਟੀ ਵਿਚ ਦੱਸੇ ਗਏ ਸਥਾਨ 'ਤੇ ਸਾਨੂੰ ਈ-ਸਾਇਕਲ (ਅਤੇ ਕੋਈ ਵੀ ਸਮਾਨ) ਵਾਪਸ ਕਰਨਾ ਚਾਹੀਦਾ ਹੈ ਜਾਂ ਦੇਰੀ ਨਾਲ ਵਾਪਸੀ ਦੀ ਫੀਸ ਲਾਗੂ ਹੋਵੇਗੀ। . ਜੇਕਰ ਤੁਸੀਂ ਈ-ਸਾਇਕਲ ਵਾਪਸ ਕਰਨ ਵਿਚ ਅਸਫਲ ਰਹਿੰਦੇ ਹੋ ਤਾਂ ਅਸੀਂ ਅਗਲੀ ਕਾਰਵਾਈ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ।

## 8. ਸਮੱਸਿਆਵਾਂ ਅਤੇ ਮੁਰੰਮਤ

8.1. ਜੇਕਰ ਤੁਹਾਨੂੰ ਈ-ਸਾਇਕਲ ਨਾਲ ਕੋਈ ਸਮੱਸਿਆ ਆਉਂਦੀ ਹੈ ਤਾਂ ਕਿਰਪਾ ਕਰਕੇ ਜਿੰਨੀ ਜਲਦੀ ਅਜਿਹਾ ਕਰਨਾ ਸੁਰੱਖਿਅਤ ਹੋਵੇ ਈ-ਸਾਇਕਲ ਦੀ ਵਰਤੋਂ ਬੰਦ ਕਰ ਦਿਓ ਅਤੇ ਬਿਨਾਂ ਦੇਰੀ ਦੇ ਸਾਨੂੰ ਇੱਥੇ ਸੂਚਿਤ ਕਰੋ।

8.2. ਜਿੱਥੇ ਸੰਭਵ ਹੋਵੇ, ਅਸੀਂ ਈ-ਸਾਇਕਲ ਦੀ ਮੁਰੰਮਤ ਕਰਨ ਜਾਂ ਬਦਲਵੇਂ ਈ-ਸਾਇਕਲ ਦੀ ਖਰੀਦ ਲਈ ਉਚਿਤ ਕੋਸ਼ਿਸ਼ਾਂ ਦੀ ਵਰਤੋਂ ਕਰਾਂਗੇ, ਸਿਵਾਏ:

8.2.1. ਪੰਕਚਰ ਦੀ ਮੁਰੰਮਤ ਜਾਂ ਉਤਰੀ ਹੋਈ ਚੇਨ (ਸਿਰਫ਼ ਗੈਰ-ਟੀਅਰ ਈ-ਸਾਇਕਲਾਂ 'ਤੇ) ਜਾਂ ਸੀਟ ਐਡਜਸਟਮੈਂਟ, ਜੋ ਤੁਸੀਂ ਵਾਜਬ ਤੌਰ ਤੇ ਆਪਣੇ ਪੱਧਰ ਤੇ ਠੀਕ ਕਰ ਸਕਦੇ ਹੋ; ਜਾਂ

8.2.2. ਤੁਹਾਡੀ ਦੁਰਵਰਤੋਂ ਦੇ ਨਤੀਜੇ ਵਜੋਂ ਪੈਦਾ ਹੋਏ ਨੁਕਸਾਨ।

8.3. ਜੇਕਰ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਟਾਇਅਰ (TIER) ਈ-ਸਾਇਕਲ ਦਾ ਕਰਜ਼ਾ ਲੈ ਰਹੇ ਹੋ, ਤਾਂ ਤੁਹਾਨੂੰ ਉਤਰੀ ਹੋਈ ਚੇਨ ਨੂੰ ਦੁਬਾਰਾ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਦੀ ਬਜਾਏ, ਤੁਹਾਨੂੰ ਸਾਈਕਲ ਨੂੰ ਆਪਣੇ ਕੰਮ ਵਾਲੀ ਥਾਂ 'ਤੇ ਵਾਪਸ ਕਰਨਾ ਚਾਹੀਦਾ ਹੈ ਅਤੇ / ਜਾਂ ਸਾਨੂੰ ਈਮੇਲ ਰਾਹੀਂ: bookings.makingcyclingeasier@cyclinguk.org ਜਾਂ ਤੁਹਾਡੇ ਕੰਮ ਵਾਲੀ ਥਾਂ 'ਤੇ ਸਾਡੇ ਪ੍ਰਤੀਨਿਧੀ ਨੂੰ ਸਲਾਹ

Powered By
we are cycling UK
Funded By
Department for Transport
Making cycling e-asier
National e-cycle scheme

ਦੇਣੀ ਚਾਹੀਦੀ ਹੈ ਕਿ ਚੇਨ ਨੂੰ ਦੁਬਾਰਾ ਫਿੱਟ ਕਰਨ ਦੀ ਲੋੜ ਹੈ। ਟਾਇਅਰ (TIER) ਈ-ਸਾਇਕਲਾਂ ਵਿਚ ਠੋਸ ਰਬੜ ਦੇ ਟਾਇਰ ਹੁੰਦੇ ਹਨ ਅਤੇ ਇਹ ਪੰਕਚਰ ਨਹੀਂ ਹੁੰਦੇ।

## 9. ਦੁਰਘਟਨਾਵਾਂ / ਨੁਕਸਾਨ, ਗੁਆਚੀਆਂ ਜਾਂ ਚੋਰੀ ਹੋਈਆਂ ਈ-ਸਾਇਕਲਾਂ

9.1. ਤੁਹਾਨੂੰ ਕਿਸੇ ਵੀ ਖਰਾਬ, ਗੁਆਚੀਆਂ ਜਾਂ ਚੋਰੀ ਹੋਈਆਂ ਈ-ਸਾਈਕਲਾਂ ਦੀ ਸਾਨੂੰ ਈਮੇਲ ਰਾਹੀਂ (ਜਿੰਨੀ ਜਲਦੀ ਹੋ ਸਕੇ) ਸੂਚਨਾ ਦੇਣੀ ਚਾਹੀਦੀ ਹੈ: bookings.makingcyclingeasier@cyclinguk.org.

9.2. ਈ-ਸਾਇਕਲ ਦੀ ਚੋਰੀ ਦੇ ਮਾਮਲੇ ਵਿਚ, ਤੁਹਾਨੂੰ ਇਸ ਯੋਜਨਾ ਵਿਚ ਤੁਹਾਡੀ ਸ਼ਮੂਲੀਅਤ ਬਾਰੇ ਸੂਚਿਤ ਕਰਦੇ ਹੋਏ, ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਵੀ ਇਸਦੀ ਸੂਚਨਾ ਦੇਣੀ ਚਾਹੀਦੀ ਹੈ, ਅਤੇ ਤੁਹਾਨੂੰ ਈਮੇਲ ਦੁਆਰਾ, ਇੰਸੀਡੈਂਟ ਰੈਫਰੈਂਸ ਨੰਬਰ (ਘਟਨਾ ਦੇ ਸੰਦਰਭ ਨੰਬਰ) ਦੀ ਇੱਕ ਕਾਪੀ ਪ੍ਰਾਪਤ ਕਰਕੇ ਪ੍ਰਦਾਨ ਕਰਨੀ ਚਾਹੀਦੀ ਹੈ, ਨਾਲ ਹੀ ਉਸ ਜਗ੍ਹਾ ਤੋਂ ਫੋਟੋਗ੍ਰਾਫਿਕ ਸਬੂਤ ਪ੍ਰਦਾਨ ਕਰਨੇ ਚਾਹੀਦੇ ਹਨ ਜਿੱਥੇ ਈ-ਸਾਇਕਲ ਚੋਰੀ ਕੀਤਾ ਗਿਆ ਸੀ।

9.3. ਜੇਕਰ ਤੁਸੀਂ ਕਿਸੇ ਦੁਰਘਟਨਾ ਵਿਚ ਸ਼ਾਮਲ ਹੋ, ਜਾਂ ਈ-ਸਾਇਕਲ ਦੀ ਵਰਤੋਂ ਕਰਦੇ ਸਮੇਂ ਕਿਸੇ ਨੂੰ ਜਾਂ ਕਿਸੇ ਚੀਜ਼ ਦਾ ਨੁਕਸਾਨ ਹੁੰਦਾ ਹੈ ਜਾਂ ਕਿਸੇ ਨੂੰ ਸੱਟ ਲੱਗ ਜਾਂਦੀ ਹੈ ਤਾਂ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੋਵੇ ਤੁਹਾਨੂੰ ਈ-ਸਾਇਕਲ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ ਅਤੇ ਸਾਨੂੰ ਦੁਰਘਟਨਾ ਅਤੇ ਈ-ਸਾਇਕਲ ਨੂੰ ਹੋਏ ਕਿਸੇ ਵੀ ਨੁਕਸਾਨ ਬਾਰੇ ਇੱਥੇ ਈਮੇਲ ਭੇਜ ਕੇ ਸੂਚਿਤ ਚਾਹੀਦਾ ਹੈ: bookings.makingcyclingeasier@cyclinguk.org. ਜਾਂ ਜੇਕਰ ਤੁਹਾਡਾ ਕਰਜ਼ਾ ਇਵਾਂਸ ਸਾਇਕਲਜ਼ ਦੁਆਰਾ ਹੈ ਤਾਂ ਇਵਾਂਸ ਸਾਇਕਲਜ਼ ਦੇ ਸਥਾਨ 'ਤੇ ਸੂਚਨਾ ਦੇਣੀ ਚਾਹੀਦੀ ਹੈ ਜਿੱਥੇ ਤੁਸੀਂ ਈ-ਸਾਇਕਲਜ਼ ਨੂੰ ਪ੍ਰਾਪਤ ਕੀਤਾ ਹੈ। ਜੇਕਰ ਤੁਸੀਂ ਕਿਸੇ ਟੱਕਰ ਵਿਚ ਸ਼ਾਮਲ ਹੋ, ਜਿਸ ਵਿਚ ਕੋਈ ਮਾਮੂਲੀ ਟੱਕਰ ਵੀ ਸ਼ਾਮਲ ਹੈ, ਤਾਂ ਤੁਹਾਨੂੰ ਇਸਦੀ ਸੂਚਨਾ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਵੀ ਲਾਜ਼ਮੀ ਤੌਰ 'ਤੇ ਦੇਣੀ ਚਾਹੀਦੀ ਹੈ, ਉਹਨਾਂ ਨੂੰ ਸਕੀਮ ਵਿਚ ਤੁਹਾਡੀ ਸ਼ਮੂਲੀਅਤ ਬਾਰੇ ਸੂਚਿਤ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਪੁਲਿਸ ਦੇ ਇੰਸੀਡੈਂਟ ਰੈਫਰੈਂਸ ਨੰਬਰ (ਘਟਨਾ ਦੇ ਸੰਦਰਭ ਨੰਬਰ) ਦੀ ਇੱਕ ਕਾਪੀ ਪ੍ਰਾਪਤ ਕਰਨੀ ਅਤੇ ਈਮੇਲ ਰਾਹੀਂ ਸਾਨੂੰ ਪ੍ਰਦਾਨ ਕਰਨੀ ਚਾਹੀਦੀ ਹੈ।

## 10. ਦੇਣਦਾਰੀ ਅਤੇ ਬੀਮਾ

10.1. ਕਰਜ਼ੇ ਦੌਰਾਨ ਈ-ਸਾਇਕਲ ਅਤੇ ਕੋਈ ਵੀ ਸਮਾਨ ਸਾਡੀ ਸੰਪਤੀ (ਜਾਂ ਜਿਵੇਂ ਵੀ ਲਾਗੂ ਹੋਵੇ, ਸਾਡੇ ਭਾਈਵਾਲਾਂ ਦੀ ਸੰਪਤੀ) ਬਣੇ ਰਹਿੰਦੇ ਹਨ।

10.2. ਈ-ਸਾਇਕਲ ਅਤੇ ਜੋ ਵੀ ਸੰਬੰਧਤ ਸਮਾਨ ਅਸੀਂ ਤੁਹਾਨੂੰ ਕਰਜ਼ ਦੇ ਦੌਰਾਨ ਅਸੀਂ ਤੁਹਾਨੂੰ ਪ੍ਰਦਾਨ ਕਰਦੇ ਹਾਂ, ਦੀ ਕਿਸੇ ਵੀ ਗੁੰਮਸ਼ੁਦਗੀ, ਚੋਰੀ ਜਾਂ ਨੁਕਸਾਨ ਲਈ ਤੁਸੀਂ ਜ਼ਿੰਮੇਵਾਰ ਹੋ।

10.3. ਇਨ੍ਹਾਂ ਸ਼ਰਤਾਂ ਦੇ ਅਧੀਨ ਸਾਡੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਅਸਫਲਤਾ, ਜਾਂ ਪ੍ਰਦਰਸ਼ਨ ਵਿਚ ਦੇਰੀ ਜੋ ਕਿਸੇ ਅਜਿਹੇ ਕਾਰਨ ਕਰਕੇ ਹੁੰਦੀ ਹੈ ਜੋ ਸਾਡੇ ਨਿਯੰਤਰਣ ਵਿਚ ਨਹੀਂ ਹੈ, ਤਾਂ ਅਸੀਂ ਇਸ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਹਾਂ।

10.4. ਕੁਝ ਖਾਸ ਕਾਰਜ ਸਥਾਨਾਂ ਰਾਹੀਂ ਲਏ ਗਏ ਕਰਜ਼ਿਆਂ ਲਈ ਅਸੀਂ ਟਾਇਅਰ (TIER) ਈ-ਸਾਇਕਲਾਂ 'ਤੇ ਪ੍ਰਦਾਨ ਕੀਤੇ ਗਏ Qi (ਵਾਇਰਲੈੱਸ) ਚਾਰਜਿੰਗ ਅਤੇ/ਜਾਂ ਮੋਬਾਈਲ ਫੋਨ ਹੋਲਡਰਾਂ ਦੀ ਅਸਫਲਤਾ ਜਾਂ ਖਰਾਬੀ ਲਈ ਦੇਣਦਾਰ ਜਾਂ ਜ਼ਿੰਮੇਵਾਰ ਨਹੀਂ ਹਾਂ।

10.5. ਇੱਕ ਵਾਰ ਜਦੋਂ ਤੁਸੀਂ ਈ-ਸਾਇਕਲ ਨੂੰ ਲੈ ਲੈਂਦੇ ਹੋ, ਤੁਹਾਡੇ ਕਰਜ਼ੇ ਦੀ ਸ਼ੁਰੂਆਤ ਵਿਚ, ਤੁਹਾਨੂੰ ਤਿੰਨ ਮਹੀਨਿਆਂ ਦੀ ਸਾਇਕਲਿੰਗ ਯੂਕੇ ਮੈਂਬਰਸ਼ਿਪ (ਮੁਫ਼ਤ) ਪ੍ਰਾਪਤ ਹੋਵੇਗੀ, ਜਿਸ ਵਿਚ ਤੀਜੀ ਧਿਰ ਦਾ ਦੇਣਦਾਰੀ ਬੀਮਾ ਸ਼ਾਮਲ ਹੈ। ਤੁਸੀਂ ਆਪਣਾ ਈ-ਸਾਇਕਲ ਲੈਣ ਤੋਂ ਥੋੜ੍ਹੀ ਦੇਰ ਬਾਅਦ ਮੈਂਬਰਸ਼ਿਪ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰੋਗੇ। ਅਸੀਂ ਆਪਣੀ ਮਰਜ਼ੀ ਨਾਲ ਮੈਂਬਰਸ਼ਿਪ ਪੇਸ਼ਕਸ਼ ਨੂੰ ਸੋਧਣ ਜਾਂ ਮੈਂਬਰਸ਼ਿਪ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ। ਮੌਜੂਦਾ ਸਾਇਕਲਿੰਗ ਯੂਕੇ ਦੇ ਮੈਂਬਰਾਂ ਨੂੰ ਸਕੀਮ ਅਧੀਨ ਇੱਕ ਈ-ਸਾਇਕਲ ਕਰਜ਼ ਲੈਣ ਦੇ ਨਤੀਜੇ ਵਜੋਂ ਮੈਂਬਰਸ਼ਿਪ ਵਿਚ ਐਕਸਟੈਂਸ਼ਨ, ਇੱਕ ਵਾਧੂ ਮੈਂਬਰਸ਼ਿਪ ਜਾਂ ਮੁਆਵਜ਼ਾ ਨਹੀਂ ਮਿਲੇਗਾ।

Powered By

Funded By

Department for Transport

## 11. ਡਾਟਾ ਸੁਰੱਖਿਆ

11.1. ਸਾਡੀ ਗੋਪਨੀਯਤਾ ਨੀਤੀ (ਹੇਠਾਂ ਦਿੱਤਾ ਲਿੰਕ) ਇਸ ਚੀਜ਼ ਨੂੰ ਨਿਯੰਤ੍ਰਿਤ ਕਰਦੀ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ ਇਸ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਗੋਪਨੀਯਤਾ ਨੀਤੀ ਨੂੰ ਧਿਆਨ ਨਾਲ ਪੜ੍ਹੋ। https://www.cyclinguk.org/article/making-cycling-e-asier-privacy-notice

## 12. ਰੱਦ ਕਰਨਾ

12.1. ਤੁਸੀਂ ਸਾਡੇ ਨਾਲ bookings.makingcyclingeasier@cyclinguk.org 'ਤੇ ਸੰਪਰਕ ਕਰਕੇ ਜਾਂ ਜੇਕਰ ਤੁਹਾਡਾ ਕਰਜ਼ ਇਵੇਂਸ ਸਾਇਕਲਜ਼ ਦੁਆਰਾ ਹੈ ਤਾਂ ਜਿੱਥੇ ਤੁਸੀਂ ਈ-ਸਾਇਕਲਜ਼ ਨੂੰ ਪ੍ਰਾਪਤ ਕੀਤਾ ਹੈ ਇਵਾਨਜ਼ ਨੂੰ ਆਪਣਾ ਈ-ਸਾਇਕਲ ਵਾਪਸ ਕਰਕੇ ਆਪਣੇ ਈ-ਸਾਇਕਲ ਦੇ ਕਰਜ਼ੇ ਨੂੰ ਸੋਧ ਸਕਦੇ ਹੋ ਜਾਂ ਰੱਦ ਕਰ ਸਕਦੇ ਹੋ।

12.2. ਤੁਹਾਡਾ ਕਰਜ਼ਾ ਸਕੀਮ ਦੇ ਜਾਰੀ ਰਹਿਣ 'ਤੇ ਸ਼ਰਤ ਹੈ। ਅਸੀਂ ਕਿਸੇ ਵੀ ਕਾਰਨ ਕਰਕੇ ਤੁਹਾਡੇ ਲਈ ਆਪਣਾ ਕਰਜ਼ਾ ਤੁਰੰਤ ਰੱਦ ਕਰ ਸਕਦੇ ਹਾਂ, ਜਿਸ ਵਿਚ ਸਕੀਮ ਸਮਾਪਤ ਕਰਨਾ (ਪਰ ਇਸ ਤੱਕ ਸੀਮਿਤ ਨਹੀਂ) ਸ਼ਾਮਲ ਹੈ। ਜੇਕਰ ਤੁਹਾਡਾ ਕਰਜ਼ ਰੱਦ ਹੋ ਗਿਆ ਹੈ, ਤਾਂ ਤੁਹਾਨੂੰ ਆਪਣੀ ਬੁਕਿੰਗ ਪੁਸ਼ਟੀ ਕਕ ਵਿਚ ਦੱਸੇ ਸਥਾਨ 'ਤੇ ਬਿਨਾਂ ਦੇਰੀ ਕੀਤੇ ਸਾਨੂੰ ਈ-ਸਾਇਕਲ ਵਾਪਸ ਕਰਨਾ ਚਾਹੀਦਾ ਹੈ।

## 13. ਸ਼ਿਕਾਇਤਾਂ

13.1. ਜੇਕਰ ਇਹਨਾਂ ਨਿਯਮਾਂ ਜਾਂ ਤੁਹਾਡੇ ਕਰਜ਼ੇ ਬਾਰੇ ਤੁਹਾਡੇ ਕੋਈ ਸਵਾਲ ਹਨ, ਜਾਂ ਤੁਸੀਂ ਕੋਈ ਸ਼ਿਕਾਇਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ bookings.makingcyclingeasier@cyclinguk.org'ਤੇ ਸੰਪਰਕ ਕਰੋ।

## 14. ਅੱਪਡੇਟ

14.1. ਅਸੀਂ ਸਮੇਂ-ਸਮੇਂ 'ਤੇ ਇਹਨਾਂ ਨਿਯਮਾਂ ਨੂੰ ਅਪਡੇਟ ਕਰ ਸਕਦੇ ਹਾਂ।

## 15. ਹੋਰ

15.1. ਤੁਹਾਨੂੰ ਸਾਨੂੰ ਆਪਣੇ ਪਤੇ ਵਿੱਚ ਤਬਦੀਲੀ ਜਾਂ ਤੁਹਾਡੇ ਵੇਰਵਿਆਂ ਵਿੱਚ ਕਿਸੇ ਹੋਰ ਅੱਪਡੇਟ ਬਾਰੇ ਇੱਥੇ ਈਮੇਲ ਭੇਜ ਕੇ ਵਿਹਾਰਕਤਾ ਨਾਲ ਜਿੰਨੀ ਜਲਦੀ ਸੰਭਵ ਹੋ ਸਕੇ ਸੂਚਿਤ ਕਰਨਾ ਚਾਹੀਦਾ ਹੈ: bookings.makingcyclingeasier@cyclinguk.org.

15.2. ਤੁਹਾਡੇ ਅਤੇ ਸਾਡੇ ਤੋਂ ਇਲਾਵਾ ਹੋਰ ਕੋਈ ਵੀ ਇਸ ਸਮਝੌਤੇ ਵਿਚ ਇੱਕ ਧਿਰ ਨਹੀਂ ਹੈ। ਕਿਸੇ ਹੋਰ ਵਿਅਕਤੀ ਨੂੰ ਇਹਨਾਂ ਸ਼ਰਤਾਂ ਵਿਚੋਂ ਕਿਸੇ ਨੂੰ ਲਾਗੂ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

15.3. ਤੁਸੀਂ ਇਹਨਾਂ ਸ਼ਰਤਾਂ ਦੇ ਅਧੀਨ ਆਪਣੇ ਕਿਸੇ ਵੀ ਅਧਿਕਾਰ ਨੂੰ ਕਿਸੇ ਹੋਰ ਵਿਅਕਤੀ ਨੂੰ ਹਸਤਾਂਤਰਿਤ ਨਹੀਂ ਕਰ ਸਕਦੇ ਜਾਂ ਸੌਂਪ ਨਹੀਂ ਸਕਦੇ ਹੋ।

15.4. ਜੇਕਰ ਇਹਨਾਂ ਸ਼ਰਤਾਂ ਦੇ ਕਿਸੇ ਵੀ ਉਪਬੰਧ ਨੂੰ ਅਵੈਧ ਜਾਂ ਲਾਗੂ ਕਰਨਯੋਗ ਨਹੀਂ ਮੰਨਿਆ ਜਾਂਦਾ ਹੈ, ਤਾਂ ਉਸ ਵਿਵਸਥਾ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਬਾਕੀ ਬਚੇ ਪ੍ਰਬੰਧਾਂ ਨੂੰ ਕਾਨੂੰਨ ਦੇ ਅਧੀਨ ਪੂਰੀ ਹੱਦ ਤੱਕ ਲਾਗੂ ਕੀਤਾ ਜਾਵੇਗਾ।

15.5. ਇਹਨਾਂ ਸ਼ਰਤਾਂ ਦੇ ਅਧੀਨ ਕਿਸੇ ਵੀ ਅਧਿਕਾਰ ਜਾਂ ਪ੍ਰਬੰਧ ਨੂੰ ਲਾਗੂ ਕਰਨ ਵਿਚ ਅਸਫਲਤਾ ਅਜਿਹੇ ਅਧਿਕਾਰ ਜਾਂ ਪ੍ਰਬੰਧ ਤੋਂ ਛੋਟ ਨੂੰ ਸਥਾਪਤ ਨਹੀਂ ਕਰੇਗੀ।

15.6. ਜੇਕਰ ਇਹਨਾਂ ਸ਼ਰਤਾਂ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਸ਼ਰਤਾਂ ਦੇ ਸੰਸਕਰਣਾਂ ਵਿਚ ਕੋਈ ਅਸੰਗਤਤਾ ਹੈ, ਤਾਂ ਇਸ ਅੰਗਰੇਜ਼ੀ ਭਾਸ਼ਾ ਦੇ ਸੰਸਕਰਣ ਨੂੰ ਤਰਜੀਹ ਦਿੱਤੀ ਜਾਵੇਗੀ।

15.7. ਇਹ ਸ਼ਰਤਾਂ ਅੰਗਰੇਜ਼ੀ ਅਤੇ ਵੈਲਸ਼ ਕਨੂੰਨ ਦੁਆਰਾ ਨਿਯੰਤਰਿਤ ਕੀਤੀਆਂ ਜਾਣਗੀਆਂ ਅਤੇ ਇਹਨਾਂ ਸ਼ਰਤਾਂ ਬਾਰੇ ਸਾਡੇ ਵਿਚਕਾਰ ਕੋਈ ਵੀ ਵਿਵਾਦ ਅੰਗਰੇਜ਼ੀ ਅਤੇ ਵੈਲਸ਼ ਅਦਾਲਤਾਂ ਵਿਚ ਸੁਣਿਆ ਜਾਵੇਗਾ।